# Third India-Republic of Korea Strategic Dialogue

December 03, 2021

---

## ਭਾਰਤ-ਕੋਰੀਆ ਗਣਰਾਜ ਦਰਮਿਆਨ ਤੀਜੀ ਰਣਨੀਤਕ ਵਾਰਤਾ

### 3 ਦਸੰਬਰ, 2021

ਉਪ ਰਾਸ਼ਟਰੀ ਸੁਰੱਖਿਆ ਸਲਾਹਕਾਰ ਸ਼੍ਰੀ ਪੰਕਜ ਸਰਨ ਦੇ ਸੱਦੇ 'ਤੇ ਰਾਸ਼ਟਰੀ ਸੁਰੱਖਿਆ ਦੇ ਦੂਜੇ ਡਿਪਟੀ ਡਾਇਰੈਕਟਰ ਸ਼੍ਰੀ ਕਿਮ ਹਿਊਂਗ-ਝਿਨ ਨੇ ਭਾਰਤੀ ਰਾਸ਼ਟਰੀ ਸੁਰੱਖਿਆ ਪ੍ਰੀਸ਼ਦ ਸਕੱਤਰੇਤ ਅਤੇ ਕੋਰੀਆਈ ਗਣਰਾਜ ਦਰਮਿਆਨ ਤੀਜੀ ਭਾਰਤ-ਗਣਰਾਜ ਕੋਰੀਆ ਰਣਨੀਤਕ ਗੱਲਬਾਤ ਵਿਚ ਭਾਗ ਲੈਣ ਲਈ 3 ਦਸੰਬਰ, 2021 ਨੂੰ ਨਵੀਂ ਦਿੱਲੀ ਦਾ ਦੌਰਾ ਕੀਤਾ।

ਭਾਰਤ ਅਤੇ ਕੋਰੀਆਈ ਗਣਰਾਜ ਦਰਮਿਆਨ ਨਜ਼ਦੀਕੀ ਅਤੇ ਰਣਨੀਤਕ ਭਾਈਵਾਲੀ ਦੇ ਢਾਂਚੇ ਅੰਦਰ ਦੋਵਾਂ ਧਿਰਾਂ ਨੇ ਵਿਸ਼ੇਸ਼ ਰਣਨੀਤਕ ਭਾਈਵਾਲੀ ਨੂੰ ਹੋਰ ਅੱਗੇ ਵਧਾਉਣ ਲਈ ਡੂੰਘੀ ਚਰਚਾ ਕੀਤੀ। ਦੋਵੇਂ ਧਿਰਾਂ ਦੁਵੱਲੇ, ਖੇਤਰੀ ਅਤੇ ਆਲਮੀ ਹਿੱਤਾਂ ਬਾਰੇ ਆਪਸੀ ਲਾਭਦਾਇਕ ਰਣਨੀਤਕ ਸਹਿਯੋਗ ਨੂੰ ਹੋਰ ਮਜ਼ਬੂਤ ਅਤੇ ਡੂੰਘਾ ਬਣਾਉਣ ਉੱਤੇ ਸਹਿਮਤ ਹੋਈਆਂ। ਭਾਰਤ ਅਤੇ ਕੋਰੀਆਈ  ਗਣਰਾਜ ਦਰਮਿਆਨ ਰੱਖਿਆ ਖੇਤਰ ਵਿੱਚ ਸਵਦੇਸ਼ੀਕਰਨ, ਸਾਂਝਾ ਵਿਕਾਸ ਅਤੇ ਸਾਂਝੇ ਉਤਪਾਦਨ 'ਤੇ ਜ਼ੋਰ ਦਿੱਤਾ ਗਿਆ। ਅਤਿ ਮਹੱਤਵਪੂਰਨ ਅਤੇ ਉੱਚ ਤਕਨੀਕਾਂ ਅਤੇ ਸਪਲਾਈ ਚੇਨ ਲਚਕੀਲੇਪਨ ਦੇ ਖੇਤਰਾਂ ਵਿੱਚ ਭਾਈਵਾਲੀ ਬਾਰੇ ਵੀ ਚਰਚਾ ਕੀਤੀ ਗਈ।

ਦੋਹਾਂ ਪੱਖਾਂ ਵੱਲੋਂ ਸਾਈਬਰ ਸੁਰੱਖਿਆ ਅਤੇ ਸੂਚਨਾ ਤਕਨਾਲੋਜੀ, ਸਮੁੰਦਰੀ ਸੁਰੱਖਿਆ ਅਤੇ ਅੱਤਵਾਦ, ਕੱਟੜਵਾਦ ਅਤੇ ਕੱਟੜਪੰਥ ਤੋਂ ਪੈਦਾ ਖਤਰਿਆਂ ਅਤੇ ਚੁਣੌਤੀਆਂ ਦੇ ਮਾਮਲੇ 'ਚ ਸਹਿਯੋਗ ਦੇ ਖੇਤਰਾਂ ਦੀ ਪਛਾਣ ਕੀਤੀ ਗਈ। ਭਾਰਤ ਦੀ "ਐਕਟ ਈਸਟ ਨੀਤੀ"  ਅਤੇ ਕੋਰੀਆਈ ਗਣਰਾਜ ਦੀ "ਨਵੀਂ ਦੱਖਣੀ ਨੀਤੀ"  ਵਿਚਕਾਰ ਤਾਲਮੇਲ ਮਜ਼ਬੂਤ ਕਰਨ 'ਤੇ ਸਹਿਮਤੀ ਹੋਈ।

ਆਪਣੀ ਇਸ ਫੇਰੀ ਦੌਰਾਨ ਕੋਰਿਆਈ ਗਣਰਾਜ ਦੇ ਰਾਸ਼ਟਰੀ ਸੁਰੱਖਿਆ ਦੇ ਦੂਜੇ ਡਿਪਟੀ ਡਾਇਰੈਕਟਰ ਨੇ ਰਾਸ਼ਟਰੀ ਸੁਰੱਖਿਆ ਸਲਾਹਕਾਰ ਸ਼੍ਰੀ ਅਜੀਤ ਕੇ.  ਡੋਵਾਲ, ਕੇਸੀ ਅਤੇ ਵਿਦੇਸ਼ ਰਾਜ ਮੰਤਰੀ ਡਾ.  ਰਾਜਕੁਮਾਰ ਰੰਜਨ ਸਿੰਘ ਨਾਲ ਮੁਲਾਕਾਤ ਕੀਤੀ।

ਨਵੀਂ ਦਿੱਲੀ

3 ਦਸੰਬਰ, 2021

DISCLAIMER: This is an approximate translation. The original is available in English on MEA's website and may be referred to as the official press release.